# ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 09 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

## ਪਿੰਡਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ

548. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ**:- ਕੀ ਜਲ ਸਪਲਾਈ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਫਾਜ਼ਿਲਕਾ ਦੇ ਸਰਹੱਦੀ ਪਿੰਡ ਚੂੜੀਵਾਲਾ ਚਿਸ਼ਤੀ ਵਿੱਚ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਨਹੀਂ ਹੈ ਅਤੇ ਲੋਕ ਤਿੰਨ ਕਿਲੋਮੀਟਰ ਦੂਰ ਲੱਗੇ ਨਲਕਿਆਂ ਤੋਂ ਪਾਣੀ ਲੈ ਕੇ ਆਉਣ ਲਈ ਮਜਬੂਰ ਹਨ; ਜੇਕਰ ਅਜਿਹਾ ਹੋਵੇਂ ਤਾਂ ਸਰਕਾਰ ਇਨਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕੀ ਉਪਰਾਲਾ ਕਰ ਰਹੀ ਹੈ;

ਅ) ਪੰਜਾਬ ਵਿੱਚ ਅਜਿਹੇ ਕਿੰਨੇ ਪਿੰਡ ਹਨ ਜਿਨ੍ਹਾਂ ਵਿੱਚ ਪੀਣ ਵਾਲੇ ਸਾਫ ਪਾਣੀ ਦੀ ਸਹੂਲਤ ਨਹੀਂ ਹੈ ਅਤੇ ਸਰਕਾਰ ਇਹ ਸਹੂਲਤ ਕਦੋਂ ਤੱਕ ਮੁਹੱਈਆ ਕਰਵਾ ਦੇਵੇਗੀ?

## ਕਿਸਾਨਾਂ ਦੀਆਂ ਜ਼ਮੀਨਾਂ ਤੇ ਲਗਾਏ ਟਾਵਰਾਂ ਦਾ ਮੁਆਵਜ਼ਾ ਦੇਣਾ

549. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ**):- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਬਿਜਲੀ ਸੰਚਾਲਣ ਅਤੇ ਵੰਡ ਸੁਧਾਰ ਸਕੀਮ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ 220 ਕੇ.ਵੀ. ਲਾਈਨ ਲਈ ਲਗਾਏ ਜਾਣ ਵਾਲੇ ਟਾਵਰਾਂ ਲਈ ਸਬੰਧਿਤ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ ਜਾਂ ਨਹੀਂ;

ਅ) ਕੀ ਇਹ ਠੀਕ ਹੈ ਕਿ ਮੋਗਾ ਜ਼ਿਲ੍ਹੇ ਦੇ ਪਿੰਡ ਲੀਲ, ਹਿੰਮਤਪੁਰਾ ਆਦਿ ਵਿੱਚ ਚਾਰ ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦੇ ਖੇਤਾਂ ਵਿੱਚ 6-6 ਟਾਵਰ ਲਗਾਏ ਗਏ ਹਨ ਅਤੇ ਇਸੇ ਹੀ ਜ਼ਮੀਨ ਵਿੱਚ ਹੋਰ ਟਾਵਰ ਵੀ ਲਗਾਏ ਜਾ ਰਹੇ ਹਨ;

ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਸਬੰਧਿਤ ਕਿਸਾਨਾਂ ਨੂੰ ਲਗਾਏ ਗਏ ਟਾਵਰਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਸਰਕਾਰ ਨੇ ਕੀ ਪ੍ਰਬੰਧ ਕੀਤਾ ਹੈ?

## ਅਰਨੀਵਾਲਾ ਦੇ ਛੱਪੜ ਦੇ ਵਿਕਾਸ ਅਤੇ ਗੰਦੇ ਪਾਣੀ ਦੀ ਨਿਕਾਸੀ ਕਰਨਾ

550. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਫਾਜ਼ਿਲਕਾ ਜ਼ਿਲ੍ਹੇ ਦੀ ਨਗਰ ਪੰਚਾਇਤ ਅਰਨੀਵਾਲਾ ਦੇ ਛੱਪੜ ਦੇ ਪਾਣੀ ਨੂੰ ਸੀਵਰੇਜ਼ ਰਾਹੀਂ ਬਾਹਰ ਕੱਢਣ ਅਤੇ ਇਸ ਦੇ ਸੁੰਦਰੀਕਰਨ ਲਈ ਜੋ ਗਰਾਂਟ ਪਿਛਲੀ ਸਰਕਾਰ ਸਮੇਂ ਜਾਰੀ ਕੀਤੀ ਗਈ ਸੀ, ਉਹ ਮੌਜੂਦਾ ਐਮ.ਐਲ.ਏ. ਵੱਲੋਂ ਬਿਨਾਂ ਵਰਤੇ ਪੰਜਾਬ ਸਰਕਾਰ ਨੂੰ ਵਾਪਸ ਕਰਵਾ ਦਿੱਤੀ ਗਈ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਹ ਗਰਾਂਟ ਕਿੰਨੀ ਸੀ ਅਤੇ ਬਿਨਾਂ ਵਰਤੇ ਪੰਜਾਬ ਸਰਕਾਰ ਨੂੰ ਵਾਪਸ ਕਰਨ ਦੇ ਕੀ ਕਾਰਨ ਸਨ ਅਤੇ ਇਸ ਲਈ ਕਿਹੜੇ-ਕਿਹੜੇ ਅਧਿਕਾਰੀ ਜ਼ਿੰਮੇਵਾਰ ਸਨ;

ੲ) ਪੰਜਾਬ ਸਰਕਾਰ ਇਸ ਨਗਰ ਪੰਚਾਇਤ ਦੇ ਛੱਪੜ ਦੇ ਵਿਕਾਸ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਕੀ ਪ੍ਰਬੰਧ ਕਰ ਰਹੀ ਹੈ?

## ਟਿੱਡੀ ਦਲ ਨਾਲ ਹੋਏ ਫਸਲਾਂ ਦੇ ਨੁਕਸਾਨ ਦਾ ਮੁਆਵਜਾ

551. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿਛਲੇ ਦਿਨਾਂ ਵਿੱਚ ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਟਿੱਡੀ ਦਲ ਵੱਲੋਂ ਫਸਲਾਂ ਤੇ ਹਮਲਾ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਨਾਲ ਕਿਹੜੇ-ਕਿਹੜੇ ਜ਼ਿਲ੍ਹੇ ਪ੍ਰਭਾਵਿਤ ਹੋਏ ਹਨ ਅਤੇ ਫਸਲਾਂ ਦਾ ਕਿੰਨਾ ਨੁਕਸਾਨ ਹੋਇਆ ਹੈ;

ਅ) ਪੰਜਾਬ ਸਰਕਾਰ ਫਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਕੀ ਕਦਮ ਉਠਾ ਰਹੀ ਹੈ?

## ਸਰਕਾਰੀ ਡਿਗਰੀ ਕਾਲਜਾਂ ਲਈ ਯੂ.ਜੀ.ਸੀ. ਦੇ ਨਿਯਮ

593. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਡਿਗਰੀ ਕਾਲਜਾਂ ਵਿੱਚ ਹਾਇਰ ਐਜੂਕੇਸ਼ਨ ਸੁਸਾਇਟੀ ਅਧੀਨ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੇਜੂਏਸ਼ਨ ਪੱਧਰ ਦੇ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ; ਜੇਕਰ ਹਾਂ ਤਾਂ ਸਰਕਾਰ ਵੱਲੋਂ ਇਨ੍ਹਾਂ ਕੋਰਸਾਂ ਨੂੰ ਪੜ੍ਹਾਉਣ ਵਾਲੇ ਅਧਿਆਪਨ ਅਮਲੇ ਦੀ ਭਰਤੀ ਕੰਟਰੈਕਟ ਆਧਾਰ ਤੇ ਜਾਂ ਰੈਗੂਲਰ ਆਧਾਰ ਤੇ ਕੀਤੀ ਗਈ ਹੈ, ਇਨ੍ਹਾਂ ਨੂੰ ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ, ਇਨ੍ਹਾ ਕੋਰਸਾਂ ਸਬੰਧੀ ਕਿੰਨੀਆਂ ਰੈਗੂਲਰ ਅਸਾਮੀਆਂ ਦੀ ਸਿਰਜਣਾ ਕੀਤੀ ਗਈ ਹੈ ਅਤੇ ਇਨ੍ਹਾਂ ਕੋਰਸਾਂ ਦੇ ਫਾਇਨਾਸਿੰਗ ਦੇ ਸਰੋਤ ਕੀ ਹਨ;

ਅ) ਡਿਗਰੀ ਕਾਲਜਾਂ ਵਿੱਚ ਕਿੰਨੇ ਗੈਸਟ ਫੈਕਲਟੀ ਲੈਕਚਰਾਰ ਕੰਮ ਕਰ ਰਹੇ ਹਨ; ਇਨ੍ਹਾਂ ਵਿੱਚੋਂ ਕਿੰਨੇ ਯੂ.ਜੀ.ਸੀ ਨਿਯਮਾਂ ਤਹਿਤ ਯੋਗ ਹਨ ਅਤੇ ਕਿੰਨੇ ਅਯੋਗ ਹਨ; ਸਾਰੇ ਗੈਸਟ ਫੈਕਲਟੀ ਲੈਕਚਰਾਰਾਂ ਦੇ ਵੇਰਵੇ, ਨਾਮ ਅਤੇ ਕਦੋਂ ਤੋਂ ਕੰਮ ਕਰ ਰਿਹਾ ਹੈ, ਵਿਸ਼ਾ, ਯੋਗਤਾ, ਕਿਸ ਕਾਲਜ ਵਿੱਚ ਕੰਮ ਕਰ ਰਿਹਾ ਹੈ ਅਤੇ ਜਿਹੜੇ ਯੋਗ ਹਨ ਉਨ੍ਹਾਂ ਨੇ ਯੋਗਤਾ ਕਿਸ ਮਿਤੀ ਨੂੰ ਹਾਸਲ ਕੀਤੀ;

ੲ) ਕੀ ਸਰਕਾਰੀ ਡਿਗਰੀ ਕਾਲਜਾਂ ਵਿੱਚ ਕੰਟਰੈਕਟ, ਗੈਸਟ ਅਤੇ ਪਾਰਟ ਟਾਈਮ ਲੈਕਚਰਾਰਾਂ ਨੂੰ ਰੈਗੂਲਰ ਕਰਨ ਲਈ ਕੋਈ ਕਮੇਟੀ ਬਣਾਈ ਗਈ ਹੈ; ਜੇਕਰ ਹਾਂ ਤਾਂ ਇਸ ਕਮੇਟੀ ਦੀਆਂ ਸਿਫਾਰਿਸ਼ਾਂ ਦੀ ਵਿਸਥਾਰਤ ਜਾਣਕਾਰੀ ਦਿੱਤੀ ਜਾਵੇ ਅਤੇ ਜਿਨ੍ਹਾਂ ਲੈਕਚਰਾਰਾਂ ਨੂੰ ਪੱਕੇ ਕਰਨ ਲਈ ਇਨ੍ਹਾਂ ਕਮੇਟੀਆਂ ਨੇ ਸਿਫਾਰਸ਼ ਕੀਤੀ ਹੈ, ਉਨ੍ਹਾਂ ਦੇ ਸਾਰੇ ਵੇਰਵੇ ਦਿੱਤੇ ਜਾਣ ਅਤੇ ਕੀ ਸਰਕਾਰ ਦੁਆਰਾ ਇਨ੍ਹਾਂ ਲੈਕਚਰਾਰਾਂ ਨੂੰ ਪੱਕੇ ਕਰਨ ਵਿੱਚ ਯੂ.ਜੀ.ਸੀ ਦੇ ਨਿਯਮਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ?

ਪਰਤੋ ਜੀ.....

**ਯੂਨੀਵਰਸਿਟੀਆਂ ਦੇ ਖੋਜ਼ ਕਾਰਜਾਂ ਲਈ ਮੁਹੱਈਆ ਹੋਈ ਰਾਸ਼ੀ ਦੇ ਵੇਰਵੇ**

594. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਦੀਆਂ ਦੇਣਦਾਰੀਆਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਯੂਨੀਵਰਸਿਟੀਆਂ ਦੇ ਕੁੱਲ ਖਰਚ ਦਾ ਕਿੰਨਾਂ ਹਿੱਸਾ ਵਿਦਿਆਰਥੀਆਂ ਦੀਆਂ ਫ਼ੀਸਾਂ ਤੋਂ ਆਉਂਦਾ ਹੈ;

ਅ) ਸਰਕਾਰ ਨੇ ਇਨ੍ਹਾਂ ਯੂਨੀਵਰਸਿਟੀਆਂ ਨੂੰ 2017-18, 2018-19 ਅਤੇ 2019-20 ਵਿੱਚ ਖੋਜ਼ ਕਾਰਜਾਂ ਲਈ ਕਿੰਨਾ ਕਿੰਨਾ ਪੈਸਾ ਮੁਹੱਈਆ ਕਰਵਾਇਆ ਹੈ?

**ਸਰਕਾਰੀ ਕਾਲਜ਼ ਨੂੰ ਮਾਡਲ ਡਿਗਰੀ ਕਾਲਜਾਂ ਵਿਚ ਬਦਲਣਾ ਅਤੇ ਨਵੇਂ ਕਾਲਜ ਖੋਲ੍ਹਣਾ**

595. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਰਾਜ ਵਿੱਚ ਕਿਹੜੇ-ਕਿਹੜੇ ਸਰਕਾਰੀ ਕਾਲਜਾਂ ਨੂੰ ਮਾਡਲ ਡਿਗਰੀ ਕਾਲਜ ਜਾਂ ਕਾਂਸਟੀਚੂਐਂਟ ਕਾਲਜ ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਇਸ ਮੰਤਵ ਲਈ ਭਾਰਤ ਸਰਕਾਰ ਤੋਂ ਕਿੰਨੀ ਗ੍ਰਾਂਟ ਪ੍ਰਾਪਤ ਹੋਈ ਹੈ ਅਤੇ ਜਿਹੜੇ ਕਾਲਜਾਂ ਵਿੱਚ ਬਿਲਡਿੰਗ ਪਹਿਲਾਂ ਹੀ ਮੌਜੂਦ ਸੀ ਉਸ ਨਾਲ ਸਬੰਧਤ ਬਿਲਡਿੰਗ ਦਾ ਆਇਆ ਹੋਇਆ ਪੈਸਾ ਕਿੱਥੇ ਖਰਚ ਕੀਤਾ ਗਿਆ ਹੈ;

ਅ) 2017 ਤੋਂ ਲੈ ਕੇ ਹੁਣ ਤੱਕ ਦੇ ਬਜਟ ਸੈਸ਼ਨਾਂ ਵਿੱਚ ਕੁੱਲ ਕਿੰਨੇ ਨਵੇਂ ਸਰਕਾਰੀ ਡਿਗਰੀ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਨ੍ਹਾਂ ਵਿੱਚੋਂ ਕਿੰਨੇ ਕਾਲਜਾਂ ਦੀਆਂ ਬਿਲਡਿੰਗਾਂ ਬਣ ਕੇ ਮੁਕੰਮਲ ਹੋ ਚੁੱਕੀਆਂ ਹਨ ਅਤੇ ਕੀ ਇਨ੍ਹਾਂ ਵਿੱਚ ਨਵੀਆਂ ਅਸਾਮੀਆਂ ਸਿਰਜੀਆਂ ਜਾ ਚੁੱਕੀਆ ਹਨ ਜੇਕਰ ਨਹੀਂ ਤਾਂ ਇਨ੍ਹਾ ਦੀ ਸਿਰਜਣਾ ਕਦੋਂ ਤੱਕ ਕਰ ਦਿੱਤੀ ਜਾਵੇਗੀ ਅਤੇ ਇਹ ਨਵੇਂ ਖੋਲ੍ਹੇ ਕਾਲਜ ਕਿੱਥੇ ਕਿੱਥੇ ਸਥਿਤ ਹਨ?

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਾਂਸਟੀਚੁਐਂਟ ਕਾਲਜਾਂ ਤੇ ਖਰਚ ਕੀਤੀ ਰਾਸ਼ੀ ਦੇ ਵੇਰਵੇ**

596. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਾਂਸਟੀਚੁਐਂਟ ਕਾਲਜਾਂ ਲਈ ਭਾਰਤ ਸਰਕਾਰ ਤੋਂ ਪਿਛਲੇ ਸਾਲਾਂ ਦੋਰਾਨ ਕਿੰਨਾਂ ਪੈਸਾ ਆਇਆ ਅਤੇ ਇਸ ਵਿੱਚੋਂ ਇਨ੍ਹਾਂ ਕਾਲਜਾਂ ਉੱਪਰ ਕਿੰਨਾਂ ਪੈਸਾ ਖਰਚ ਕੀਤਾ ਗਿਆ?

**ਬੁਢਲਾਡਾ ਵਿਖੇ ਧੋਬੀ ਘਾਟ ਮੁੜ ਬਣਾਉਣਾ**

624. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਵਿੱਚ ਸਥਿਤ ਧੋਬੀ ਘਾਟ(ਸ਼ਹਿਰ ਵਾਲੀ ਗਊਸ਼ਾਲਾ ਦੇ ਪਿੱਛੇ) ਜੋ ਪੁਰਾਣੇ ਸਮੇਂ ਤੋਂ ਹੋਂਦ ਵਿੱਚ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨੂੰ ਹੁਣ ਢਾਅ ਦਿੱਤਾ ਗਿਆ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਨੂੰ ਢਾਹੁਣ ਦੇ ਕੀ ਕਾਰਨ ਹਨ ਅਤੇ ਇਸ ਨੂੰ ਦੁਬਾਰਾ ਬਣਾਉਣ ਦੀ ਅਤੇ ਇਸ ਦੀ ਜ਼ਮੀਨ ਦੁਬਾਰਾ ਧੋਬੀ ਬਰਾਦਰੀ ਨੂੰ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

**ਬੋਹਾ ਸ਼ਹਿਰ ਵਿੱਚ ਟੋਬੇ ਦੇ ਗੰਦੇ ਪਾਣੀ ਦੀ ਨਿਕਾਸੀ ਅਤੇ ਪਾਰਕ ਉਸਾਰਨਾ**

625. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੋਹਾ ਸ਼ਹਿਰ ਦੇ ਬਾਗ ਵਾਲੇ ਵਿਹੜੇ ਵਿੱਚ ਸਥਿਤ ਟੋਬਾ ਹੈ ਜੋ ਹੁਣ ਗੰਦੇ ਪਾਣੀ ਨਾਲ ਭਰਿਆ ਰਹਿੰਦਾ ਹੈ ਜਿਸ ਨਾਲ ਆਲੇ ਦੁਆਲੇ ਦੇ ਵਸਨੀਕਾਂ ਨੂੰ ਮੁਸਕਿਲ ਆਉਂਦੀ ਹੈ;

ਅ) ਕੀ ਸਰਕਾਰ ਕੋਲ ਇਸ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਸਕੀਮ ਵਿਚਾਰ ਅਧੀਨ ਹੈ ਅਤੇ ਕੀ ਇਸ ਟੋਬੇ ਨੂੰ ਮਿੱਟੀ ਨਾਲ ਭਰ ਕੇ ਪਾਰਕ ਬਣਾਉਣ ਦੀ ਕੋਈ ਤਜਵੀਜ ਵਿਚਾਰ ਅਧੀਨ ਹੈ?

**ਹਲਕਾ ਦਸੂਹਾ ਵਿਚ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣਾ**

635. **ਸ਼੍ਰੀ ਅਰੁਨ ਡੋਗਰਾ,ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਵਿੱਚ ਨਵੇਂ ਟਿਊਬਵੈਲ ਕੁਨੈਕਸ਼ਨ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸੂਬੇ ਵਿਚ ਸਰਬਤ ਸਿਹਤ ਬੀਮਾ ਯੋਜਨਾ ਦੇ ਲਾਭ**

636. **ਡਾਕਟਰ ਰਾਜ ਕੁਮਾਰ ਚੱਬੇਵਾਲ ,ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੌਜੂਦਾ ਸਮੇਂ ਸੂਬੇ ਵਿੱਚ ਸਰਬਤ ਸਿਹਤ ਬੀਮਾ ਯੋਜਨਾ ਦੇ ਲਾਭ ਪਾਤਰੀਆਂ ਦੀ ਜ਼ਿਲ੍ਹਾ-ਵਾਰ ਕੁੱਲ ਕਿੰਨੀ ਗਿਣਤੀ ਹੈ;

ਅ) ਇਸ ਯੋਜਨਾ ਅਧੀਨ ਕਿੰਨੇ ਲੋਕਾਂ ਤੱਕ ਲਾਭ ਪਹੁੰਚਾਇਆ ਜਾ ਚੁੱਕਿਆ ਹੈ ਅਤੇ ਹੋਰ ਕਿੰਨੇ ਲੋਕਾਂ ਨੂੰ ਇਸ ਅਧੀਨ ਲਿਆਂਦਾ ਜਾ ਸਕਦਾ ਹੈ?

**ਸਰਬਤ ਸਿਹਤ ਬੀਮਾ ਯੋਜਨਾ ਤਹਿਤ ਰਾਸ਼ੀ ਦੇ ਵੇਰਵੇ**

641. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਬੱਤ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਪਹਿਲੇ ਸਾਲ ਅਤੇ ਦੂਜੇ ਸਾਲ ਦੀ ਪਾਲਿਸੀ ਤਹਿਤ ਕੁੱਲ ਕਿੰਨੇ ਪਰਿਵਾਰਾਂ ਦਾ ਪ੍ਰੀਮੀਅਮ ਬੀਮਾ ਕੰਪਨੀ ਨੂੰ ਦਿੱਤਾ ਗਿਆ ਅਤੇ ਪ੍ਰਤੀ ਪਰਿਵਾਰ ਕਿੰਨੀ ਰਕਮ ਅਦਾ ਕੀਤੀ ਗਈ;

ਅ) ਇਸ ਸਕੀਮ ਅਧੀਨ ਪਹਿਲੇ ਸਾਲ ਅਤੇ ਦੂਜੇ ਸਾਲ ਦੀ ਪਾਲਿਸੀ ਤਹਿਤ ਕੁੱਲ ਕਿੰਨੀ ਰਕਮ ਬੀਮਾ ਕੰਪਨੀ ਨੂੰ ਅਦਾ ਕੀਤੀ ਗਈ ਸਮੇਤ ਟੈਕਸ ਦੱਸਿਆ ਜਾਵੇ;

ੲ) ਸਟੇਟ ਹੈਲਥ ਏਜੰਸੀ ਦੁਆਰਾ ਪ੍ਰਤੀ ਪਰਿਵਾਰ ਕਿੰਨੀ ਰਕਮ ਸੇਵਾ ਪ੍ਰਦਾਨ ਕਰਨ ਦੇ ਇਵਜ਼ ਵਜੋਂ ਲਈ ਗਈ ਉਸਦੀ ਪ੍ਰਤੀ ਪਾਲਿਸੀ ਸਾਲ ਰਕਮ ਦੱਸੀ ਜਾਵੇ ਅਤੇ ਨਾਲ ਹੀ ਇਹ ਕੁੱਲ ਰਕਮ ਵੀ ਦੱਸੀ ਜਾਵੇ ਅਤੇ ਇਹ ਰਕਮ ਕਿੱਥੇ ਖਰਚ ਕੀਤੀ ਗਈ?

ਪਰਤੋ ਜੀ.....

## ਸਰਬਤ ਸਿਹਤ ਬੀਮਾ ਯੋਜਨਾ ਤਹਿਤ ਸਰਕਾਰੀ ਹਸਪਤਾਲਾਂ ਵਿਖੇ ਆਏ ਕੇਸ

642. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 20 ਅਗਸਤ 2019 ਤੋਂ ਲੈ ਕੇ ਮਿਤੀ 19.02.2020 ਤੱਕ ਸਰਕਾਰੀ ਹਸਪਤਾਲਾਂ ਵਿੱਚ ਕੁੱਲ ਕਿੰਨੀ ਆਈ.ਪੀ.ਡੀ. ਅਤੇ ਕੁੱਲ ਕਿੰਨੇ ਐਨੀਮਲ ਬਾਈਟ ਦੇ ਕੇਸ ਆਏ, ਉਹਨਾਂ ਦੀ ਹਸਪਤਾਲ ਵਾਈਜ਼ ਗਿਣਤੀ ਦੱਸੀ ਜਾਵੇ ਅਤੇ ਉਹਨਾਂ ਵਿੱਚੋਂ ਕਿੰਨੇ ਕੇਸ ਸਰਬੱਤ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਕਵਰ ਕੀਤੇ ਗਏ, ਉਹਨਾਂ ਦੀ ਹਸਪਤਾਲ ਵਾਈਜ਼ ਗਿਣਤੀ ਦੱਸੀ ਜਾਵੇ?

## ਪੰਜਾਬ ਵਿਚ ਆਏ ਕਰੋਨਾ ਕੇਸਾਂ ਦੀ ਗਿਣਤੀ

643. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਅੱਜ ਤੱਕ ਕੁੱਲ ਕਿੰਨੇ ਕਰੋਨਾ ਦੇ ਕੇਸ ਆਏ ਅਤੇ ਉਹਨਾਂ ਵਿੱਚੋਂ ਕੁੱਲ ਕਿੰਨੇ ਕਰੋਨਾ ਪੀੜਤ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਹੋਏ ਉਹਨਾਂ ਦੀ ਗਿਣਤੀ ਨਿਜੀ ਅਤੇ ਸਰਕਾਰੀ ਹਸਪਤਾਲ ਵਾਈਜ਼ ਦੱਸੀ ਜਾਵੇ?

## ਮੁਕੇਰੀਆਂ ਹਾਈਡਲ ਪ੍ਰਾਜੈਕਟ ਦੇ ਪਾਵਰ ਹਾਊਸ ਨੰ: 1 ਤੋਂ ਨਿਕਲਦੀ ਛੋਟੀ ਨਹਿਰ ਨੂੰ ਦੁਬਾਰਾ ਚਾਲੂ ਕਰਨਾ

644. **ਸ਼੍ਰੀਮਤੀ ਇੰਦੂ ਬਾਲਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮੁਕੇਰੀਆਂ ਹਾਈਡਲ ਪ੍ਰਾਜੈਕਟ ਦੇ ਪਾਵਰ ਹਾਊਸ ਨੰ. 1 (ਪਿੰਡ ਚੰਗੜ੍ਹਮਾਂ ਤੋਂ) ਤੋਂ ਨਿਕਲਦੀ ਛੋਟੀ ਨਹਿਰ (ਡਿਸਟ੍ਰੀਬਿਊਟਰੀ) ਨੂੰ ਪਿਛਲੀ ਸਰਕਾਰ ਵੱਲੋਂ ਬੰਦ ਕਰ ਦਿੱਤਾ ਗਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਛੋਟੀ ਨਹਿਰ (ਡਿਸਟ੍ਰੀਬਿਊਟਰੀ) ਅਤੇ ਡੂੰਘੇ ਬੋਰ ਬੰਦ ਹੋਣ ਕਰਕੇ ਇਸ ਛੋਟੀ ਨਹਿਰ (ਡਿਸਟ੍ਰੀਬਿਊਟਰੀ) ਤੇ ਨਿਰਭਰ ਕਿਸਾਨਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ;

ੲ) ਉਪਰਕੋਤ ਛੋਟੀ ਨਹਿਰ (ਡਿਸਟ੍ਰੀਬਿਊਟਰੀ) ਨੂੰ ਬੰਦ ਕਰਨ ਦੇ ਕੀ ਕਾਰਨ ਸਨ ਅਤੇ ਇਸ ਨੂੰ ਦੁਬਾਰਾ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ ਤਾਂ ਜੋ ਇਸ ਤੇ ਨਿਰਭਰ ਕਿਸਾਨਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ?

## ਸ਼ਗਨ ਸਕੀਮ ਦਾ ਲਾਭ ਲੈਣ ਲਈ ਅਪਲਾਈ ਕਰਨ ਦੇ ਸਮੇਂ ਵਿੱਚ ਵਾਧਾ ਕਰਨਾ

645. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-**ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੇਂਦਰ ਸਰਕਾਰ ਵੱਲੋਂ ਸ਼ਗਨ ਸਕੀਮ ਦੇ ਲਾਭ ਲੈਣ ਲਈ ਲਾਭਪਤਾਰੀਆਂ ਨੂੰ ਤਿੰਨ ਮਹੀਨੇ ਤੱਕ ਦਾ ਸਮਾਂ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਪੰਜਾਬ ਸਰਕਾਰ ਦੁਆਰਾ ਕੇਂਦਰ ਸਰਕਾਰ ਦੀ ਤਰਜ ਤੇ ਸ਼ਗਨ ਸਕੀਮ ਦਾ ਲਾਭ ਲੈਣ ਲਈ ਅਪਲਾਈ ਕਰਨ ਦਾ ਸਮਾਂ ਇੱਕ ਮਹੀਨੇ ਤੋਂ ਵਧਾ ਕੇ ਤਿੰਨ ਮਹੀਨੇ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੋਂ?

## ਕਿਰਤ ਵਿਭਾਗ ਅਧੀਨ ਰਜਿਸਟਰ ਹੋਏ ਲਾਭਪਾਤਰੀਆਂ ਦੇ ਬਿੱਲ

646. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-**ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਬਰਨਾਲਾ ਦੇ ਕਿਰਤ ਵਿਭਾਗ ਦੇ ਅਧੀਨ ਰਜਿਸਟਰ ਹੋਏ ਲਾਭਪਾਤਰੀਆਂ ਦੇ ਮੈਡੀਕਲ ਬਿਲ ਬਕਾਇਆ ਪਏ ਹਨ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਦੇ ਕੀ ਕਾਰਨ ਹਨ;

ਅ) ਉਪਰੋਕਤ ਵਰਣਿਤ ਭਾਗ (ੳ) ਵਿੱਚ ਵਰਣਿਤ ਬਕਾਏ ਦਾ ਕਦੋਂ ਤੱਕ ਭੁਗਤਾਨ ਲਾਭਪਾਤਰੀਆਂ ਨੂੰ ਕਰ ਦਿੱਤਾ ਜਾਵੇਗਾ?

## ਤਲਵੰਡੀ ਜ਼ਿਲ੍ਹਾ ਬਰਨਾਲਾ ਦੇ ਪਸ਼ੂ ਹਸਪਤਾਲ ਵਿਖੇ ਸਟਾਫ ਦੀ ਘਾਟ ਪੂਰੀ ਕਰਨਾ

647. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਤਲਵੰਡੀ, ਜ਼ਿਲ੍ਹਾ ਬਰਨਾਲਾ ਦੇ ਪਸ਼ੂ ਹਸਪਤਾਲ ਵਿੱਖੇ ਕੋਈ ਡਾਕਟਰ ਅਤੇ ਹੋਰ ਲੋੜੀਂਦਾ ਸਟਾਫ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਉਥੇ ਡਾਕਟਰ ਅਤੇ ਲੋੜੀਂਦਾ ਸਟਾਫ ਕਦੋਂ ਤੱਕ ਨਿਯੁਕਤ ਕਰ ਦਿੱਤਾ ਜਾਵੇਗਾ?

## ਹਲਕਾ ਜਗਰਾਓਂ ਵਿੱਚ ਸਿੰਗਲ ਟੀਚਰ ਸਕੂਲਾਂ ਦੀ ਗਿਣਤੀ

664. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛਲੇ ਪੰਜ ਸਾਲਾਂ ਤੋਂ ਹਲਕਾ ਜਗਰਾਓਂ ਵਿੱਚ ਸਿੰਗਲ ਟੀਚਰ ਸਕੂਲਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ;

ਅ) ਕੀ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਇਹਨਾਂ ਸਕੂਲਾਂ ਵਿੱਚ ਡੀ.ਪੀ./ ਪੀ.ਟੀ.ਟੀਚਰਜ਼ ਹਨ; ਜੇਕਰ ਨਹੀਂ ਤਾਂ ਇਹ ਕਦੋਂ ਤੱਕ ਨਿਯੁਕਤ ਕਰ ਦਿੱਤੇ ਜਾਣਗੇ?

## ਜਗਰਾਓਂ ਤੋਂ ਨਕੋਦਰ ਰੋਡ ਦੇ ਉਪਰ ਡਿਵਾਈਡਰ ਬਣਾਉਣਾ

665. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਗਰਾਓਂ ਤੋਂ ਨਕੋਦਰ ਰੋਡ ਦੇ ਉਪਰ ਡਿਵਾਈਡਰ ਕਦੋਂ ਦੇ ਖਤਮ ਹੋ ਚੁੱਕੇ ਹਨ ਜਿਸ ਕਰਕੇ ਆਏ ਦਿਨ ਧੁੰਦ ਕਾਰਨ ਦੁਰਘਟਨਾਵਾਂ ਹੋ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਸੜਕਾਂ ਤੇ ਯੋਗ ਲਾਈਟਾਂ ਲਗਾਉਣ ਅਤੇ ਹੋ ਰਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਕੀ ਹੋਰ ਉਪਰਾਲੇ ਹੋ ਰਹੇ ਹਨ;

ਅ) ਜਗਰਾਓਂ ਤੋਂ ਨਕੋਦਰ ਰੋਡ ਤੇ ਕਿੰਨੇ ਟੋਲ ਪਲਾਜ਼ੇ ਹਨ, ਇਹਨਾਂ ਦੀ ਮੁਨਿਆਦ ਕਦੋਂ ਤੱਕ ਹੈ ਅਤੇ ਇਹ ਕਿਸ-ਕਿਸ ਵਾਹਨ ਤੋਂ ਕਿੰਨੇ-ਕਿੰਨੇ ਪੈਸੇ ਚਾਰਜ਼ ਕਰਦੇ ਹਨ?

## ਨਕੋਦਰ ਤੋਂ ਮਲੇਰਕੋਟਲਾ ਹਾਈਵੇ ਦੀ ਉਸਾਰੀ

666. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਕੋਦਰ ਤੋਂ ਮਲੇਰਕੋਟਲਾ ਕਿੰਨੇ ਮਾਰਗੀ ਹਾਈਵੇ ਦੀ ਉਸਾਰੀ ਦੀ ਕੋਈ ਤਜ਼ਵੀਜ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਹਾਈਵੇ ਦਾ ਮੈਪ ਜੋ ਤਜ਼ਵੀਜ ਅਧੀਨ ਹੈ, ਦਿੱਤਾ ਜਾਵੇ?

ਪਰਤੋ ਜੀ.....

## ਹਲਕਾ ਜਗਰਾਓਂ ਦੇ ਸਾਇੰਸ ਵਿਸ਼ੇ ਵਾਲੇ ਸਕੂਲਾਂ ਦੀ ਗਿਣਤੀ

667. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਓਂ ਹਲਕੇ ਵਿੱਚ ਕਿੰਨੇ ਸਰਕਾਰੀ ਸਕੂਲਾਂ ਵਿੱਚ +2 ਵਿੱਚ ਸਾਂਇੰਸ ਵਿਸ਼ਾ ਹੈ ਪਰ ਉਥੇ ਲੈਬ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਇਹ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ?

## ਈ.ਟੀ.ਟੀ. ਅਧਿਆਪਕਾਂ ਤੇ ਬੋਰਡ ਵੱਲੋਂ ਲਗਾਈਆਂ ਸ਼ਰਤਾਂ ਹਟਾਉਣਾ

672. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਦੇ 180 ਈ.ਟੀ.ਟੀ. ਅਧਿਆਪਕ ਜੋ ਕਿ ਸਾਲ 2016 ਤੋਂ ਆਪਣੀਆਂ ਸੇਵਾਵਾਂ ਰੈਗੂਲਰ ਨਿਭਾ ਰਹੇ ਹਨ, ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਾਧੂ ਭਰਤੀ ਦਾ ਹਵਾਲਾ ਦੇ ਕੇ ਨੌਕਰੀ ਤੋਂ ਕੱਢਣ ਦਾ ਨੋਟਿਸ ਜਾਰੀ ਕੀਤਾ ਸੀ;

ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਕਤ ਨੋਟਿਸ ਤੇ ਸਟੇਅ ਲਗਾ ਦਿੱਤੀ ਸੀ। ਜਿਸ ਤੋਂ ਬਾਅਦ ਬੋਰਡ ਵੱਲੋਂ ਈ.ਟੀ.ਟੀ. ਅਧਿਆਪਕਾਂ ਨੂੰ ਬੋਰਡ ਵੱਲੋਂ ਐਡਜਸ਼ਟ ਕਰਨ ਦੇ ਹੁਕਮ ਸ਼ਰਤਾਂ ਸਹਿਤ ਜਾਰੀ ਕੀਤੇ ਗਏ ਸਨ;

ੲ) ਕੀ ਇਹ ਵੀ ਠੀਕ ਹੈ ਕਿ ਉਕਤ ਅਧਿਆਪਕਾਂ ਨੂੰ ਬੋਰਡ ਦੀਆਂ ਸ਼ਰਤਾਂ ਮੁਤਾਬਿਕ ਸੈਂਟਰ ਪੇਅ ਸਕੇਲ ਨਾਲ ਜੋੜਿਆ ਜਾ ਰਿਹਾ ਹੈ ਜੋ ਕਿ ਪਹਿਲਾਂ ਮਿਲ ਰਹੀ ਤਨਖਾਹ ਦੇ ਅੱਧ ਤੋਂ ਵੀ ਘੱਟ ਹੈ ਅਤੇ ਅਧਿਆਪਕਾਂ ਦੁਆਰਾ 4 ਸਾਲ ਕੀਤੀ ਗਈ ਨੌਕਰੀ ਦਾ ਵੀ ਕੋਈ ਲਾਭ ਨਹੀਂ ਦਿੱਤਾ ਜਾ ਰਿਹਾ;

ਸ) ਕੀ ਇਹ ਵੀ ਠੀਕ ਹੈ ਕਿ ਬੋਰਡ ਦੀਆਂ ਸ਼ਰਤਾਂ ਮੁਤਾਬਿਕ ਉਪਰੋਕਤ ਵਰਣਿਤ 180 ਈ.ਟੀ.ਟੀ. ਅਧਿਆਪਕਾਂ ਦੀ ਪੁਰਾਣੀ ਸਰਵਿਸ ਖਤਮ ਕਰਕੇ ਨਵੇਂ ਨਿਯੁਕਤੀ ਪੱਤਰ ਦਿੱਤੇ ਜਾ ਰਹੇ ਹਨ;

ਹ) ਜੇਕਰ ਉਪਰੋਕਤ ਭਾਗਾਂ (ੲ) ਅਤੇ (ਸ) ਦਾ ਉੱਤਰ ਹਾਂ ਵਿੱਚ ਹੈ ਤਾਂ ਉਕਤ ਈ.ਟੀ.ਟੀ. ਅਧਿਆਪਕਾਂ ਨੂੰ ਉਹਨਾਂ ਦੀਆਂ 4 ਸਾਲ ਦੀਆਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਬੋਰਡ ਵੱਲੋਂ ਲਗਾਈਆਂ ਗਈਆਂ ਸ਼ਰਤਾਂ ਨੂੰ ਹਟਾਉਣ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

ਚੰਡੀਗੜ੍ਹ
ਮਿਤੀ 08 ਮਾਰਚ, 2021

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ